**ਦਫ਼ਤਰ ਡਾਇਰੈਕਟਰ ਐੱਸ.ਸੀ.ਈ.ਆਰ.ਟੀ., ਪੰਜਾਬ**
ਬਲਾਕ-ਈ, ਪੰ.ਸ.ਸਿੱ.ਬੋ. ਕੰਪ: ਵਿੱਦਿਆ ਭਵਨ, ਛੇਵੀਂ ਮੰਜ਼ਿਲ, ਫੇਜ਼-8, ਮੋਹਾਲੀ
(ਫੋਨ ਨੰ. 0172-2212221)

ਵੱਲ

1. ਸਮੂਹ ਜਿਲ੍ਹਾ ਸਿੱਖਿਆ ਅਫ਼ਸਰ (ਸੈ.ਸਿ.) ਅਤੇ
2. ਸਮੂਹ ਸਕੂਲ ਮੁਖੀ (ਵੈੱਬਸਾਈਟ ਰਾਹੀਂ)।

ਮੀਮੋ ਨੰ. SCERT, QP/UP/2021-327279

ਮਿਤੀ: 23-09-2021

ਵਿਸ਼ਾ - **Personalised Practice Program (Khan Academy) ਦੇ ਸਹਿਯੋਗ ਸਬੰਧੀ।**

1.0 ਸਕੂਲ ਸਿੱਖਿਆ ਵਿਭਾਗ ਵੱਲੋਂ Khan Academy ਦੇ ਸਹਿਯੋਗ ਨਾਲ ਗਣਿੱਤ ਵਿਸ਼ੇ ਦੀ ਵੱਧ ਤੋਂ ਵੱਧ ਪ੍ਰੈਕਟਿਸ ਨਾਲ Personalised Practice Program ਸ਼ੁਰੂ ਕੀਤਾ ਗਿਆ ਹੈ। ਜਿਸ ਬਾਰੇ ਗਣਿੱਤ ਅਧਿਆਪਕਾਂ ਵੱਲੋਂ NAS ਦੀ ਤਿਆਰੀ ਲਈ ਇਸ ਦੀ ਕਾਫ਼ੀ positive feedback ਆ ਰਹੀ ਹੈ।

2.0 ਇਸ ਪ੍ਰੋਗਰਾਮ ਲਈ ਸਮੂਹ ਸਕੂਲਾਂ ਦੇ ਛੇਵੀਂ ਤੋਂ ਬਾਰ੍ਹਵੀਂ ਜਮਾਤ ਦੇ ਹਰੇਕ ਵਿਦਿਆਰਥੀ ਦੇ password, login id create ਕਰਕੇ ਅਧਿਆਪਕਾਂ ਦੁਆਰਾ assignment ਦੇ ਕੇ practice ਕਰਵਾਈ ਜਾ ਰਹੀ ਹੈ। ਇਸ platform ਦੀ ਹਫ਼ਤਾਵਾਰੀ usage report ਕਾਫ਼ੀ ਤਸੱਲੀਬਖ਼ਸ਼ ਹੈ, ਜਿਸ ਤੋਂ ਪਤਾ ਚੱਲਦਾ ਹੈ ਕਿ ਰਾਜ ਦੇ ਬਹੁਤ ਸਾਰੇ ਵਿਦਿਆਰਥੀ ਇਸ program ਦਾ ਲਾਭ ਉਠਾ ਰਹੇ ਹਨ। ਪਿਛਲੇ ਦਿਨੀਂ ਸਕੂਲਾਂ ਦੇ ਵਿਜ਼ਿਟ ਦੌਰਾਨ ਇਹ ਗੱਲ ਵੀ ਧਿਆਨ ਵਿੱਚ ਆਈ ਕਿ ਕੁਝ ਸਕੂਲਾਂ ਵਿੱਚ ਇੰਟਰਨੈੱਟ ਦੀ ਸਮੱਸਿਆ ਜਾਂ ਹੋਰ ਸਮੱਸਿਆਵਾਂ ਕਾਰਨ ਪ੍ਰੋਗਰਾਮ ਦਾ ਪੂਰਾ ਲਾਭ ਸਾਰੇ ਵਿਦਿਆਰਥੀ ਨੂੰ ਨਹੀਂ ਮਿਲ ਰਿਹਾ। ਕੁਝ ਥਾਵਾਂ ਤੇ ਅਧਿਆਪਕਾਂ ਦੁਆਰਾ ਵੀ ਨੈੱਟਵਰਕ ਆਦਿ ਦੀ ਸਮੱਸਿਆ ਧਿਆਨ ਵਿੱਚ ਲਿਆਂਦੀ ਗਈ ਹੈ।

3.0 ਇਸ ਸਾਰੇ ਮਾਮਲੇ ਨੂੰ ਵਿਚਾਰਨ ਉਪਰੰਤ ਇਹ ਫੈਸਲਾ ਲਿਆ ਗਿਆ ਹੈ ਕਿ ਜਿੱਥੋਂ ਤੱਕ ਸੰਭਵ ਹੋਵੇ ਵੱਧ ਤੋਂ ਵੱਧ ਵਿਦਿਆਰਥੀ ਇਸ ਪ੍ਰੋਗਰਾਮ ਦਾ ਲਾਭ ਉਠਾਉਣ ਅਤੇ ਇਸ ਕੰਮ ਲਈ ਸਮੂਹ ਸਕੂਲ ਮੁਖੀ ਅਤੇ ਅਧਿਆਪਕ ਸਾਹਿਬਾਨ ਪੂਰਾ ਯਤਨ ਕਰਨ। ਵਿਭਾਗ ਦੁਆਰਾ ਇਸ ਸਬੰਧੀ ਕੋਈ ਵੀ ਟਿੱਚਾ (target) ਨਹੀਂ ਰੱਖਿਆ ਗਿਆ, ਤਾਂ ਜੋ ਕਿਸੇ ਵੀ ਸਕੂਲ ਨੂੰ ਕਿਸੇ ਸਮੱਸਿਆ ਦਾ ਸਾਹਮਣਾ ਨਾ ਕਰਨਾ ਪਵੇ। ਪ੍ਰੰਤੂ ਫਿਰ ਵੀ ਜਿਨ੍ਹਾਂ ਸਕੂਲ ਅਧਿਆਪਕਾਂ ਦੁਆਰਾ ਇਸ ਪ੍ਰੋਗਰਾਮ ਤਹਿਤ ਬਹੁਤ ਚੰਗਾ ਕੰਮ ਕੀਤਾ ਜਾ ਰਿਹਾ ਹੈ, ਵਿਭਾਗ ਉਨ੍ਹਾਂ ਸਾਰੇ ਅਧਿਆਪਕਾਂ ਦੀ ਸ਼ਲਾਘਾ ਕਰਦਾ ਹੈ।

4.0 ਇਸ ਪ੍ਰੋਗਰਾਮ ਨੂੰ ਵਿਦਿਆਰਥੀਆਂ ਵਿੱਚ popular ਕਰਨ ਅਤੇ ਵੱਧ ਤੋਂ ਵੱਧ ਵਿਦਿਆਰਥੀਆਂ ਨੂੰ ਜੋੜਨ ਲਈ ਜੇਕਰ ਕਿਸੇ ਸਕੂਲ ਦੇ ਸਾਰੀਆਂ ਜਮਾਤਾਂ ਦੇ ਵਿਦਿਆਰਥੀਆਂ ਦਾ ਹਫ਼ਤਾਵਾਰੀ active students usage report 25% ਤੋਂ 30% ਤੱਕ ਪ੍ਰਾਪਤ ਹੁੰਦੀ ਹੈ ਇਸ ਨੂੰ

ਠੀਕ ਸਮਝਿਆ ਜਾਵੇ। ਜੇਕਰ ਹਫ਼ਤਾਵਾਰੀ report 40% ਤੋਂ 50% ਤੇ ਆਉਂਦੀ ਹੈ ਤਾਂ ਇਸਨੂੰ ਤਸੱਲੀਬਖਸ਼ ਸਮਝਿਆ ਜਾਵੇ। 60% ਤੋਂ ਵੱਧ active usage show ਕਰਨ ਵਾਲੇ ਸਕੂਲਾਂ ਦੇ ਸਕੂਲ ਮੁਖੀਆਂ ਅਤੇ ਮੈਥ ਅਧਿਆਪਕਾਂ ਵੱਲੋਂ 100% ਵਿਦਿਆਰਥੀਆਂ ਨੂੰ ਜੋੜਨ ਵਾਲਿਆਂ ਦਾ ਕੰਮ ਵਿਭਾਗ ਵੱਲ ਅਤਿ-ਸ਼ਲਾਘਾਪੂਰਵਕ ਸਮਝਿਆ ਜਾਵੇਗਾ। ਵਿਭਾਗ ਵੱਲੋਂ 100% ਵਿਦਿਆਰਥੀਆਂ ਨੂੰ ਪ੍ਰੋਤਸ਼ਾਹਿਤ ਕਰਕੇ ਪ੍ਰੈਕਟਿਸ ਕਰਵਾਉਣ ਵਾਲੇ ਅਧਿਆਪਕਾਂ ਨੂੰ ਪ੍ਰਸ਼ੰਸ਼ਾ ਪੱਤਰ ਜਾਰੀ ਕੀਤੇ ਜਾ ਰਹੇ ਹਨ। ਸਕੂਲ ਮੁਖੀ ਵੱਧ ਤੋਂ ਵੱਧ energy points ਲੈਣ ਵਾਲੇ ਵਿਦਿਆਰਥੀਆਂ ਨੂੰ ਸਕੂਲ ਪੱਧਰ ਤੇ ਉਤਸ਼ਾਹਿਤ ਕਰ ਸਕਦੇ ਹਨ ਤਾਂ ਜੋ ਵਿਦਿਆਰਥੀ NAS ਲਈ ਗਣਿੱਤ ਵਿਸ਼ੇ ਦੀ ਵੱਧ ਤੋਂ ਵੱਧ ਤਿਆਰੀ ਕਰਨ।

ਡਾਇਰੈਕਟਰ
ਐੱਸ.ਸੀ.ਈ.ਆਰ.ਟੀ., ਪੰਜਾਬ